ਸ਼ੁੱਕਰਵਾਰ
15, ਜਨਵਰੀ 2010
3 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 276,
ਸਾਲ 25
Postal Regd. No.
PB/0007/09-2011

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com

ਸ਼ਹਿਰ ਤੇ ਆਸ-ਪਾਸ
ਵਰਕਰਜ਼ ਯੂਨੀਅਨ ਨਾਭਾ ਵੱਲੋਂ ਮੰਗਾਂ 3

ਸੰਪਾਦਕੀ
ਮਨੁੱਖੀ ਅਧਿਕਾਰਾਂ ਦੀ ਉਲੰਘਣਾ ਖਤਰਨਾਕ 4

ਦੇਸ਼ ਦੁਨੀਆਂ
ਕੁੜੀਆਂ ਦੀ ਲੋਹੜੀ ਮਨਾਈ 8

ਬਹੁਕੌਮੀ ਕੰਪਨੀਆਂ ਨੂੰ ਪੰਜਾਬ ਸਰਕਾਰ ਹਰ ਮੱਦਦ ਦੇਣ ਲਈ ਤਿਆਰ-ਬਾਦਲ

ਮੁਕਤਸਰ 14 ਜਨਵਰੀ (ਬਲਜੀਤ ਸੰਧੂ/ਸੁਰੇਸ਼ ਗਰਗ) – ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਨਿਰਮਾਣ ਕੁਸ਼ਲ ਅਤੇ ਕਿੱਤਾ ਮੁੱਖੀ ਟਰੇਨਿੰਗ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਵਿਸ਼ਵ ਵਿਆਪੀ ਉਦਯੋਗਿਕ ਅਤੇ ਨਿਰਮਾਣ ਕੰਪਨੀਆਂ ਨੂੰ ਸੱਦਾ ਦਿੱਤਾ ਕਿ ਉਹ ਰਾਜ ਵਿੱਚ ਪੰਜਾਬ ਸਰਕਾਰ ਦੇ ਸਾਂਝੇ ਸਹਿਯੋਗ ਨਾਲ ਨਿਰਮਾਣ ਕੁਸ਼ਲ ਟਰੇਨਿੰਗ ਕੇਂਦਰ ਖੋਲ੍ਹਣ ਤਾਂ ਜੋ ਪੰਜਾਬ ਦੇ ਘੱਟ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਉਦਯੋਗਾਂ ਅਤੇ ਮੁੱਢਲਾ ਢਾਚਾ ਪ੍ਰੋਜੈਕਟਾਂ ਵਿੱਚ ਰੁਜ਼ਗਾਰ ਦਿੱਤਾ ਜਾ ਸਕੇ । ਇਹ ਪ੍ਰਗਟਾਵਾ ਮਾਨਯੋਗ ਮੁੱਖ ਮੰਤਰੀ ਪੰਜਾਬ ਨੇ ਅੱਜ ਇੱਥੇ ਮੁਕਤਸਰ ਜਿਲ੍ਹੇ ਦੇ ਅਬੁਲ ਖੁਰਾਣਾ ਪਿੰਡ ਵਿਖੇ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਲਾਰਸਨ ਐਂਡ ਟੁਬਰੋ ਕੰਪਨੀ ਲਿਮਟਿਡ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ 8 ਕਰੋੜ ਰੁਪਏ ਦੀ ਲਾਗਤ ਨਾਲ ਖੋਲ੍ਹੇ ਗਏ ਨਿਰਮਾਣ ਕੁਸ਼ਲ ਟਰੇਨਿੰਗ ਸੰਸਥਾ ਦੇ ਉਦਘਾਟਨ ਕਰਦਿਆਂ ਕੀਤਾ ।

(ਬਾਕੀ ਸਫਾ 2 'ਤੇ)

ਹੈਤੀ 'ਚ ਭੂਚਾਲ ਨਾਲ ਮਰਨ ਵਾਲਿਆਂ ਦੀ ਗਿਣਤੀ 1 ਲੱਖ ਤੋਂ ਟੱਪਣ ਲੱਗੀ

ਹਿਲੇਰੀ ਦਾ ਏਸ਼ੀਆ ਦੌਰਾ ਰੱਦ

ਵਾਸ਼ਿੰਗਟਨ, 14 ਜਨਵਰੀ (ਅ.ਬ.)– ਕੈਰੇਬਿਆਈ ਦੇਸ਼ ਹੈਤੀ 'ਚ ਮੰਗਲਵਾਰ ਨੂੰ ਆਏ ਸ਼ਕਤੀਸ਼ਾਲੀ ਭੂਚਾਲ 'ਚ ਇੱਕ ਤੋਂ ਜ਼ਿਆਦਾ ਲੋਕਾਂ ਦੇ ਮਾਰੇ ਜਾਣ ਦਾ ਖ਼ਬਰ ਹੈ। ਭੂਚਾਲ ਨਾਲ ਪੂਰੇ ਹੈਤੀ 'ਚ ਭਾਰੀ ਤਬਾਹੀ ਦਾ ਮੰਜ਼ਰ ਹੈ। ਸਮਾਚਾਰ ਏਜੰਸੀਆਂ ਅਨੁਸਾਰ ਹੈਤੀ ਦੇ ਰਾਸ਼ਟਰਪਤੀ ਰੇਨ ਪ੍ਰਵੇਲ ਨੇ ਕਿਹ ਕਿ ਹਜ਼ਾਰਾਂ ਦੀ ਸੰਖਿਆ 'ਚ ਲੋਕ ਮਾਰੇ ਗਏ ਹਨ ਅਤੇ ਹੋਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਭੂਚਾਲ ਨਾਲ ਇੱਕ ਲੱਖ ਲੋਕ ਤੋਂ ਜ਼ਿਆਦਾ ਮੌਤਾ ਹੋਈਆਂ ਹਨ। ਪ੍ਰਵੇਲ ਨੇ ਗੱਲਬਾਤ ਦੌਰਾਨ ਕਿਹਾ ਕਿ, ਮਰਨ ਵਾਲਿਆ ਦੀਆਂ ਸੰਖਿਆ 50, 000 ਵੀ ਦੱਸੀ ਗਈ ਹੈ ਅਤੇ 30,000 ਵੀ। ਅਜੇ ਤੱਕ ਇਹ ਸਹੀ ਸੰਖਿਆ ਦੱਸਣਾ ਸੰਭਵ ਨਹੀਂ ਹੈ। ਹੈਤੀ 'ਚ

(ਬਾਕੀ ਸਫਾ 2 'ਤੇ)

ਪ੍ਰਧਾਨ ਮੰਤਰੀ ਮੈਲਬੋਰਨ ਘਟਨਾ ਦਾ ਨੋਟਿਸ ਲੈਣ-ਜਥੇ: ਅਵਤਾਰ ਸਿੰਘ

ਅੰਮ੍ਰਿਤਸਰ 14 ਜਨਵਰੀ (ਮੋਤਾ ਸਿੰਘ)– ਆਸਟਰੇਲੀਆ ਦੇ ਸ਼ਹਿਰ ਮੈਲਬੋਰਨ ਦੇ ਮੋਰਿੰਡਾ ਪਾਰਕ ਵਿਖੇ ਗੁਰਦੁਆਰਾ ਸਾਹਿਬ ਦੀ ਉਸਾਰੀ ਅਧੀਨ ਇਮਾਰਤ ਨੂੰ ਕੁਝ ਸ਼ਰਾਰਤੀ ਅਨਸਰਾਂ ਵਲੋਂ ਅੱਗ ਲਾਏ ਜਾਣ ਦੀ ਦੁਖਦਾਈ ਘਟਨਾ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੰਭੀਰ ਨੋਟਿਸ ਲੈਂਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਤੁਰੰਤ ਦਖਲ ਦੇਣ ਦੀ ਅਪੀਲ ਕੀਤੀ ਹੈ। ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਘਟਨਾ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਹੈ ਕਿ ਆਪਣੀ ਗਿਣਤੀ ਸੱਭਿਅਕ ਦੇਸ਼ਾਂ ਦੀ ਕਤਾਰ ਵਿਚ ਕਰਨ ਵਾਲੇ ਦੇਸ਼ ਆਸਟਰੇਲੀਆ 'ਚ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਆਸਟਰੇਲੀਆ ਦੀ ਸਰਕਾਰ ਲਈ ਸ਼ਰਮਨਾਕ ਗੱਲ ਹੈ, ਜਿਸ ਨਾਲ ਵਿਸ਼ਵ ਭਾਈਚਾਰੇ ਵਿਚ ਆਸਟਰੇਲੀਆ ਦਾ ਕੱਦ ਦਿਨ-ਬ-ਦਿਨ ਬੌਣਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਆਏ ਦਿਨ ਭਾਰਤੀ ਮੂਲ ਦੇ ਵਿਦਿਆਰਥੀਆਂ ਖਾਸ ਕਰਕੇ ਸਿੱਖ ਵਿਦਿਆਰਥੀਆਂ 'ਤੇ ਕਾਤਲਾਨਾ ਹਮਲੇ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੇ ਹਨ। ਜਿਸ ਨਾਲ ਲੱਖਾਂ ਰੁਪਏ ਖਰਚ ਕਰਕੇ ਆਪਣਾ ਕੈਰੀਅਰ ਦਾਅ 'ਤੇ ਲਾ ਕੇ ਅਸਟਰੇਲੀਆ ਪਹੁੰਚੇ ਵਿਦਿਆਰਥੀਆਂ ਦੇ ਭਵਿੱਖ 'ਤੇ

(ਬਾਕੀ ਸਫਾ 2 'ਤੇ)

ਆਸਟਰੇਲੀਆ ਦੇ ਗੁਰਦੁਆਰੇ ਵਿੱਚ ਲੱਗੀ ਅੱਗ ਤੋਂ ਭਾਰਤ ਚਿੰਤਿਤ

ਮੈਲਬੌਰਨ, 14 ਜਨਵਰੀ (ਵਿਸ਼ਵ ਵਾਰਤਾ)–ਭਾਰਤੀਆਂ 'ਤੇ ਹਮਲੇ ਲਈ ਪਿਛਲੇ ਕੁਝ ਸਮੇਂ ਤੋਂ ਵਿਵਾਦਾਂ ਵਿੱਚ ਰਹੇ ਆਸਟਰੇਲੀਆ ਦੇ ਮੈਲਬੌਰਨ ਸ਼ਹਿਰ ਵਿੱਚ ਦੇਰ ਰਾਤ ਕਰੀਬ ਸਾਢੇ ਬਾਰ੍ਹਾਂ ਭੜਕ ਉਠੀ ਅੱਗ ਨਾਲ ਨਿਰਮਾਣ ਅਧੀਨ ਗੁਰਦੁਆਰੇ ਦੀ ਇਮਾਰਤ ਨੂੰ ਨੁਕਸਾਨ ਪਹੁੰਚਿਆ ਹੈ। ਭਾਰਤ ਨੇ ਇਸ ਹਾਦਸੇ 'ਤੇ ਚਿੰਤਾ ਪ੍ਰਗਟ ਕੀਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਮਾਮਲਾ ਆਸਟਰੇਲੀਆ ਸਰਕਾਰ ਸਾਹਮਣੇ ਉਠਾਇਆ ਜਾਵੇਗਾ। ਵਿਦੇਸ਼ ਮੰਤਰਾਲੇ ਦੇ ਇੱਕ ਬੁਲਾਰੇ ਨੇ ਕਿਹਾ ਕਿ ਮੈਲਬੌਰਨ ਸਥਿਤ ਭਾਰਤੀ ਦੂਤਘਰ ਗੁਰਦੁਆਰਾ ਮੈਨੇਜਮੈਂਟ ਕਮੇਟੀ ਨਾਲ ਸਾਰੀ ਪ੍ਰਕਿਰਿਆ ਜੁਟਾਉਣ ਵਿੱਚ ਲੱਗਿਆ ਹੈ। ਇਸ ਮੁੱਦੇ 'ਤੇ ਆਸਟਰੇਲੀਆਈ ਅਧਿਕਾਰੀਆਂ ਨਾਲ ਗੱਲ ਕੀਤੀ ਜਾਵੇਗੀ। ਗੁਰਦੁਆਰਾ ਪ੍ਰਬੰਧਨ ਅਤੇ ਉਥੇ ਰਹਿ ਰਹੇ ਸਿੱਖਾਂ ਦਾ ਮੰਨਣਾ ਹੈ ਕਿ ਇਹ ਇੱਕ ਨਸਲੀ ਹਮਲਾ ਹੈ ਜਦਕਿ ਆਸਟਰੇਲੀਆ ਪੁਲਿਸ ਨੇ ਇਸ ਨੂੰ ਨਸਲੀ ਹਮਲਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।ਜ਼ਿਕਰਯੋਗ ਹੈ ਕਿ ਮੈਲਬੌਰਨ ਦੇ ਦੱਖਣੀ-ਪੂਰਬੀ ਇਲਾਕੇ ਵਿੱਚ ਇੱਕ ਨਿਰਮਾਣ ਅਧੀਨ ਗੁਰਦੁਆਰੇ ਨੂੰ ਫੂਕਣ ਦੀ ਕੋਸ਼ਿਸ਼ ਕੀਤੀ ਗਈ। ਫਿਲਹਾਲ ਮਾਮਲੇ ਦੀ ਜਾਂਚ ਜਾਰੀ ਹੈ।

ਮਲੇਸ਼ੀਆ 'ਚ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਏ ਜਾਣ ਦੀ ਘਟਨਾ ਦੁਖਦਾਈ

ਅੰਮ੍ਰਿਤਸਰ 14 ਜਨਵਰੀ (ਮੋਤਾ ਸਿੰਘ)– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ 'ਚ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਏ ਜਾਣ ਦੀ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਧਾਰਮਿਕ ਸਥਾਨ ਸਭ ਧਰਮਾਂ ਦੇ ਸਾਂਝੇ ਹੁੰਦੇ ਹਨ ਅਤੇ ਭਾਈਚਾਰਕ ਸਦਭਾਵਨਾ ਬਣਾਈ ਰੱਖਣ ਲਈ ਸਭ ਧਰਮਾਂ ਦੇ ਧਾਰਮਿਕ ਅਸਥਾਨਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲ ਪੁਰਖ ਦੀ ਅਰਾਧਨਾ ਲਈ ਸਥਾਪਤ ਕੀਤੇ ਗਏ ਧਾਰਮਿਕ ਅਸਥਾਨ ਜਿਥੇ ਮਨੁੱਖੀ ਮਨ ਨੂੰ ਰੂਹਾਨੀ ਸ਼ਾਂਤੀ ਪ੍ਰਦਾਨ ਕਰਦੇ ਹਨ ਉਥੇ ਇਸ ਨਾਲ ਮਨੁੱਖੀ ਭਾਈਚਾਰੇ 'ਚ ਆਪਸੀ ਪ੍ਰੇਮ-ਪਿਆਰ ਤੇ ਭਾਈਚਾਰਕ ਸਾਂਝ ਵੀ ਮਜ਼ਬੂਤ ਹੁੰਦੀ ਹੈ ਜਦ ਕਿ ਕਿਸੇ ਵੀ ਧਰਮ ਦੇ ਧਾਰਮਿਕ ਅਸਥਾਨ ਦੀ ਤੋੜ-ਫੋੜ ਦੀਆਂ ਘਟਨਾਵਾਂ ਮਨੁੱਖੀ ਭਾਈਚਾਰੇ 'ਚ ਨਫ਼ਰਤ ਪੈਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਮੈਲਬੋਰਨ (ਆਸਟਰੇਲੀਆ) ਵਿਖੇ ਉਸਾਰੀ ਅਧੀਨ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਅੱਗ ਲਾਏ ਜਾਣ ਦੀ ਦੁਖਦਾਈ ਘਟਨਾ ਦੀ ਸਿਆਹੀ ਅਜੇ ਸੁਕੀ ਨਹੀਂ ਸੀ ਕਿ ਮਲੇਸ਼ੀਆ ਵਿਖੇ ਗੁਰਦੁਆਰਾ ਸਾਹਿਬ ਦੀ ਇਮਾਰਤ 'ਤੇ ਪੱਥਰ ਮਾਰ ਕੇ ਨੁਕਸਾਨ ਪਹੁੰਚਾਉਣ ਦੀ ਮੰਦਭਾਗੀ ਘਟਨਾ ਵਾਪਰ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਤੋੜ-ਫੋੜ ਦੀ ਘਟਨਾ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਇਸ ਮੰਦਭਾਗੀ ਘਟਨਾ ਕਾਰਨ ਸਿੱਖਾਂ ਵਿਚ ਭਾਰੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ ਅਤੇ ਹਰ ਪਾਸਿਓਂ ਨਿੰਦਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਲੇਸ਼ੀਆ ਸਰਕਾਰ ਨੂੰ ਇਸ ਘਟਨਾ ਦੀ ਜਾਂਚ ਉਪਰੰਤ ਦੋਸ਼ੀਆਂ ਵਿਰੁੱਧ ਸਖਤ

(ਬਾਕੀ ਸਫਾ 2 'ਤੇ)

ਮਹਿੰਗਾਈ ਲਈ ਸਿਰਫ਼ ਕੇਂਦਰ ਸਰਕਾਰ ਦੋਸ਼ੀ- ਮਾਇਆਵਤੀ

ਨਵੀਂ ਦਿੱਲੀ, 14 ਜਨਵਰੀ (ਵਿਸ਼ਵ ਵਾਰਤਾ)–ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਕਿਹਾ ਹੈ ਕਿ ਦੇਸ਼ ਵਿੱਚ ਫੈਲੀ ਮਹਿੰਗਾਈ ਲਈ ਪੂਰੀ ਤਰ੍ਹਾਂ ਨਾਲ ਕੇਂਦਰ ਸਰਕਾਰ ਜ਼ਿੰਮੇਵਾਰ ਹੈ ਅਤੇ ਇਸ ਬਾਰੇ ਰਾਜਾਂ 'ਤੇ ਤੋਹਮਤ ਲਗਾਉਣਾ ਗਲਤ ਹੈ। ਲਖਨਊ ਵਿੱਚ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ ਮਾਇਆਵਤੀ ਨੇ ਮਹਿੰਗਾਈ ਲਈ ਯੂ.ਪੀ.ਏ. ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ ਕਿ ਇਸ ਮੁੱਦੇ 'ਤੇ ਬਸਪਾ ਦੇਸ਼ ਵਿੱਚ ਅੰਦੋਲਨ ਕਰੇਗੀ। ਉਹਨਾਂ ਦੋਸ਼ ਲਗਾਇਆ ਕਿ ਕਾਂਗਰਸ ਦਾ ਹੱਥ ਆਮ ਆਦਮੀ ਦੇ ਨਾਲ ਨਹੀਂ ਹੈ ਬਲਕਿ ਪੂੰਜੀਪਤੀਆਂ ਦੇ ਨਾਲ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਉਂਦੇ ਹੋਏ ਉਹਨਾਂ ਕਿਹਾ ਕਿ ਉਹ ਪੂਰੀ ਤਰ੍ਹਾਂ ਪੂੰਜੀਪਤੀਆਂ ਦੇ ਹਿਤੈਸ਼ੀ ਬਣ ਕੇ ਕੰਮ ਕਰ ਰਹੇ ਹਨ। ਮਾਇਆਵਤੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਮਹਿੰਗਾਈ ਲਈ ਰਾਜਾਂ 'ਤੇ ਤੋਹਮਤ ਲਗਾਉਣੀ ਬੰਦ ਕਰਨੀ ਚਾਹੀਦੀ

(ਬਾਕੀ ਸਫਾ 2 'ਤੇ)

ਥੋਕ ਕੀਮਤਾਂ ਦੇ ਸੂਚਕ ਅੰਕ 'ਚ 0.4 ਫੀਸਦੀ ਦਾ ਵਾਧਾ

ਨਵੀਂ ਦਿੱਲੀ, 14 ਜਨਵਰੀ (ਵਿਸ਼ਵ ਵਾਰਤਾ)–ਸਾਲ 1993-94 ਨੂੰ ਆਧਾਰ ਮੰਨਦਿਆਂ 2 ਜਨਵਰੀ, 2010 ਨੂੰ ਖਤਮ ਹੋਏ ਹਫਤੇ ਦੌਰਾਨ ਥੋਕ ਕੀਮਤ ਸੂਚਕ ਅੰਕ ਵਿੱਚ 0.4 ਫੀਸਦੀ ਦਰਜ ਕੀਤਾ ਗਿਆ। ਇਸ ਹਫਤੇ ਦੌਰਾਨ ਥੋਕ ਕੀਮਤਾਂ ਦਾ ਸਰਕਾਰੀ ਸੂਚਕ ਅੰਕ ਆਰਜ਼ੀ ਤੌਰ 'ਤੇ 283.4 ਦਰਜ਼ ਕੀਤਾ ਗਿਆ ਜਦਕਿ ਇਸ ਤੋਂ ਪਿਛਲੇ ਹਫਤੇ ਵਿੱਚ ਇਹ ਸੂਚਕ ਅੰਕ 282.2 ਉਤੇ ਸਥਿਰ ਸੀ। ਇਸ ਦੇ ਮੁਕਾਬਲੇ ਵਿੱਚ 2 ਜਨਵਰੀ, 2010 ਨੂੰ ਖਤਮ ਹੋਏ ਹਫਤੇ ਦੌਰਾਨ ਮਹਿੰਗਾਈ ਦੀ ਦਰ 13.82 ਫੀਸਦੀ ਦਰਜ ਕੀਤੀ ਗਈ। ਜੋ ਕਿ ਇਸ ਤੋਂ ਪਿਛਲੇ ਹਫਤੇ ਨਾਲੋਂ 0.57 ਫੀਸਦੀ ਘੱਟ ਰਹੀ। ਪਿਛਲੇ ਸਾਲ ਦੇ ਇਸੇ ਸਮੇਂ ਦੌਰਾਨ ਸਿੱਕੇ ਦਾ ਫੈਲਾਅ 12.6 ਫੀਸਦੀ ਦਰਜ ਕੀਤਾ ਗਿਆ ਸੀ। ਪੜਚੋਲੀ ਹਫਤੇ ਦੌਰਾਨ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ 0.4 ਫੀਸਦੀ ਵਾਧਾ ਦਰਜ ਕੀਤਾ ਗਿਆ।

ਪੰਜਾਬ ਸਰਕਾਰ ਦਾ ਡੀ. ਜੀ. ਪੀ. ਗਿੱਲ ਤੋਂ ਮੋਹ ਭੰਗ ?

ਕੇਂਦਰ ਵਿੱਚ ਜਾਣ ਦੀਆਂ ਤਿਆਰੀਆਂ ਜੋਰਾਂ 'ਤੇ

ਚੰਡੀਗੜ੍ਹ, 14 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਪੰਜਾਬ ਦੇ ਮੌਜੂਦਾ ਡਾਇਰੈਕਟਰ ਜਨਰਲ ਪੁਲਿਸ ਪੀ.ਐੱਸ. ਗਿੱਲ ਦੇ ਹੁਣ ਕੇਂਦਰ ਵਿੱਚ ਜਾਣ ਦੀ ਸੰਭਾਵਨਾ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਕੇਂਦਰ ਵਿੱਚ ਸੀ.ਆਰ.ਪੀ. ਐੱਫ. (ਸੈਂਟਰਲ ਰਿਜ਼ਰਵ ਪੁਲਿਸ ਫੋਰਸ ਜਾਂ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਕਿਸੇ ਇੱਕ ਦੇ ਮੁਖੀ ਲਗਾਏ ਜਾਣ ਦੀ ਸੰਭਾਵਨਾ ਹੈ। ਅਤਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਮੌਜੂਦਾ ਡਾਇਰੈਕਟਰ ਜਨਰਲ ਪੁਲਿਸ ਪਰਮਦੀਪ ਸਿੰਘ ਗਿੱਲ ਦੀਆਂ ਸੇਵਾਵਾਂ ਪੰਜਾਬ ਸਰਕਾਰ ਨੇ ਕੇਂਦਰ ਦੇ ਹਵਾਲੇ ਕੀਤੇ ਜਾਣ ਦਾ ਗੁਪਤ ਫੈਸਲਾ ਲਿਆ ਹੈ, ਜਿਨ੍ਹਾਂ ਨੂੰ ਮੌਜੂਦਾ ਅਕਾਲੀ-ਭਾਜਪਾ ਗੱਠਜੋੜ ਸਰਕਾਰ ਪਿਛਲੇ ਸਾਲ 2009 ਦੇ ਜੁਲਾਈ ਮਹੀਨੇ ਵਿੱਚ ਜੰਮੂ ਕਸ਼ਮੀਰ ਤੋਂ ਡੈਪੂਟੇਸ਼ਨ ਉਤੇ ਸੱਦ ਕੇ ਸ੍ਰ. ਗਿੱਲ ਨੂੰ ਪੰਜਾਬ ਦਾ ਡਾਇਰੈਕਟਰ ਜਨਰਲ ਪੁਲਿਸ ਬਣਾਇਆ ਸੀ। ਪਤਾ ਲੱਗਾ ਹੈ ਕਿ ਸ੍ਰ. ਗਿੱਲ ਨੂੰ ਕੇਂਦਰ ਵਿੱਚ ਭੇਜਣ ਲਈ ਪੰਜਾਬ ਦੇ ਗ੍ਰਹਿ ਮੰਤਰੀ ਵੱਲੋਂ ਕੇਂਦਰ ਨੂੰ ਪੱਤਰ ਵੀ ਭੇਜ ਦਿੱਤਾ ਹੈ। ਇਸ ਤਰ੍ਹਾਂ ਇਸ ਵਿੱਤੀ ਸਾਲ ਦੇ

(ਬਾਕੀ ਸਫਾ 2 'ਤੇ)

ਹਰਿਦੁਆਰ 'ਚ ਸਦੀ ਦਾ ਪਹਿਲਾ ਮਹਾਂਕੁੰਭ ਮੇਲਾ ਸ਼ੁਰੂ

ਗੰਗਾ ਸਾਗਰ ਮੇਲੇ 'ਚ ਭਗਦੜ, 7 ਸ਼ਰਧਾਲੂਆਂ ਦੀ ਮੌਤ

ਹਰਿਦੁਆਰ, 14 ਜਨਵਰੀ (ਵਿਸ਼ਵ ਵਾਰਤਾ)–ਸਦੀ ਦੇ ਪਹਿਲੇ ਮਹਾਂਕੁੰਭ ਮੇਲੇ ਵਿਚ ਇਸ਼ਨਾਨ ਦਾ ਸਿਲਸਿਲਾ ਅੱਜ ਤੋਂ ਸ਼ੁਰੂ ਹੋ ਗਿਆ। ਮਕਰ ਸਕ੍ਰਾਂਤੀ ਦੇ ਪਹਿਲੇ ਦਿਨ ਅੱਜ ਲੱਖਾਂ ਸ਼ਰਧਾਲੂ ਹਰਿਦੁਆਰ ਪਹੁੰਚੇ। ਦੁਨੀਆਂ ਭਰ ਤੋਂ ਆਏ ਲੱਖਾਂ ਸ਼ਰਧਾਲੂਆਂ ਨੇ ਪਵਿੱਤਰ ਗੰਗਾ ਵਿਚ ਡੁਬਕੀ ਲਗਾਈ। ਭਗਤਾਂ ਨੇ ਇਥੇ ਗੰਗਾ ਵਿਚ ਡੁਬਕੀ ਲਗਾਉਣ ਦੇ ਨਾਲ-ਨਾਲ ਸੂਰਜ ਅਤੇ ਭਗਵਾਨ ਸ਼ਿਵ ਦੀ ਪੂਜਾ ਵੀ ਕੀਤੀ। ਕੁੰਭ ਮੇਲੇ ਲਈ ਸਾਰੇ ਗੰਗਾ ਘਾਟਾਂ ਨੂੰ ਵਿਸ਼ੇਸ਼ ਰੂਪ ਨਾਲ ਸਜਾਇਆ ਗਿਆ ਹੈ। ਇਸ ਦੌਰਾਨ ਸ਼ਰਧਾਲੂਆਂ ਲਈ ਰੇਲ ਤੇ ਬੱਸਾਂ ਦੀ ਭਾਰੀ ਵਿਵਸਥਾ ਕੀਤੀ ਗਈ ਹੈ। 15 ਜਨਵਰੀ ਨੂੰ ਸੂਰਜ ਗ੍ਰਹਿਣ ਦਾ ਇਸ਼ਨਾਨ ਹੋਣ ਦੇ ਨਾਲ ਭਗਤਾਂ ਦੀ ਗਿਣਤੀ ਵਧਣ ਦਾ ਅਨੁਮਾਨ ਹੈ। ਬੁੱਧਵਾਰ ਨੂੰ ਲੋਹੜੀ 'ਤੇ ਵੀ ਵੱਡੀ ਗਿਣਤੀ ਵਿਚ ਲੋਕਾਂ ਨੇ ਗੰਗਾ ਦੇ ਘਾਟਾਂ 'ਤੇ ਇਸ਼ਨਾਨ ਕਰਕੇ ਸ਼ਾਮ ਨੂੰ ਗੰਗਾ ਆਰਤੀ ਵਿਚ ਹਿੱਸਾ ਲਿਆ। ਇਸ ਵਾਰੀ ਗੰਗਾ ਦੀ ਸ਼ੁੱਧਤਾ ਪ੍ਰਤੀ ਕਾਫੀ ਚੌਕਸੀ ਵਰਤੀ ਜਾ ਰਹੀ

(ਬਾਕੀ ਸਫਾ 2 'ਤੇ)

ਕੌਮੀ ਖਣਿਜ ਨੀਤੀ ਦਾ ਐਲਾਨ

ਨਵੀਂ ਦਿੱਲੀ, 14 ਜਨਵਰੀ (ਵਿਸ਼ਵ ਵਾਰਤਾ)–ਵੱਖ-ਵੱਖ ਤਰ੍ਹਾਂ ਦੇ ਖਣਿਜ ਪਦਾਰਥਾਂ ਦਾ ਪਤਾ ਲਗਾਉਣ ਅਤੇ ਖਾਨਾਂ ਖੋਦਣ ਦੇ ਕੰਮ ਵਿੱਚ ਖਣਿਜ ਪਦਾਰਥਾਂ ਦੇ ਹਿਸਾਬ ਨਾਲ ਤਕਨਾਲੌਜੀ ਅਤੇ ਸਰਮਾਇਆਕਾਰੀ ਲੋੜੀਂਦੀ ਹੈ। ਖੁੱਲ੍ਹੇ ਤੇ ਉਦਾਰ ਆਰਥਿਕ ਮਾਹੌਲ ਵਿੱਚ ਵਪਾਰਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਤਕਨਾਲੌਜੀ ਅਪਣਾਉਣ ਬਾਰੇ ਫੈਸਲਾ ਉਦਮੀਆਂ ਵੱਲੋਂ ਹੀ ਲਿਆ ਜਾਂਦਾ ਹੈ। ਸਰਕਾਰ ਨੇ ਸਾਲ 2008 ਵਿੱਚ ਕੌਮੀ ਖਣਿਜ ਨੀਤੀ ਦਾ ਐਲਾਨ ਕੀਤਾ ਹੈ ਜਿਸ ਤਹਿਤ ਦੇਸ਼ ਦੇ ਖਣਿਜ ਖੇਤਰਾਂ ਵਿੱਚ ਸਰਮਾਇਆਕਾਰੀ ਤੇ ਤਕਨਾਲੌਜੀ ਸਬੰਧੀ ਦਰਪੇਸ਼ ਰੁਕਾਵਟਾਂ ਨੂੰ ਘੱਟ ਕਰਨ ਲਈ ਨੀਤੀਗਤ ਉਪਰਾਲੇ ਕੀਤੇ ਗਏ ਹਨ। ਇਸ ਨੀਤੀ ਅਨੁਸਾਰ ਕੋਸ਼ਿਸ਼ ਕੀਤੀ ਗਈ ਹੈ ਕਿ ਖਾਣਾਂ ਸਬੰਧੀ ਖੋਜ ਤੇ ਵਿਕਾਸ ਸੰਗਠਨਾਂ, ਖਾਣਾਂ ਬਾਰੇ ਭਾਰਤੀ ਦਫਤਰ ਅਤੇ ਸੂਬਿਆਂ ਦੇ ਨਿਰਦੇਸ਼ਾਲਾ ਵਰਗੀਆਂ ਨੇਮਬੰਧੀ ਏਜੰਸੀਆਂ ਵੱਲੋਂ ਤਿਆਰ ਵਿਗਿਆਨਿਕ ਆਧਾਰ ਉਤੇ ਖਣਿਜ ਵਿਕਾਸ ਤੇ ਖਣਿਜ ਸੰਭਾਲ ਦਾ ਕੰਮ ਯਕੀਨੀ ਬਣਾਇਆ ਜਾ ਸਕੇ ਤਾਂ ਜੋ ਇਸ ਖੇਤਰ ਵਿੱਚ ਬਿਹਤਰ ਯੋਜਨਾਵਾਂ ਉਲੀਕੀਆਂ ਜਾ ਸਕਨ। ਇਸ ਤੋਂ ਇਲਾਵਾ ਕੌਮੀ ਖਣਿਜ ਨੀਤੀ ਵਿੱਚ ਇਸ ਗੱਲ ਉਤੇ ਵੀ ਧਿਆਨ ਦਿੱਤਾ ਗਿਆ ਹੈ ਕਿ ਉਹ ਖਾਣਾਂ ਖੋਦਣ ਲਈ ਲੋੜੀਂਦੇ ਉਪਕਰਣ ਅਤੇ ਮਸ਼ੀਨਰੀ ਦੇਸ਼ ਵਿੱਚ ਤਿਆਰ ਕਰਨ ਲਈ ਸਨਅਤੀ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇ। ਇਸ ਖੇਤਰ ਵਿੱਚ ਵਿਦੇਸ਼ੀ ਸਰਮਾਇਆਕਾਰੀ ਨੂੰ ਅਕਰਸ਼ਿਤ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਨੂੰ ਵੀ ਸੁਖਾਲਾ ਬਣਾਇਆ ਗਿਆ ਹੈ।

ਪੰਜਾਬ ਭਾਜਪਾ ਦੀ ਪ੍ਰਧਾਨਗੀ ਲਈ ਸਰਗਰਮੀਆਂ ਤੇਜ਼

ਚੰਡੀਗੜ੍ਹ, 14 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਨਵੇਂ ਪ੍ਰਧਾਨ ਦਾ ਕਾਰਜਕਾਲ ਖਤਮ ਹੋਣ ਉਪਰੰਤ ਹੁਣ ਨਵੇਂ ਪ੍ਰਧਾਨ ਲਈ ਨੇਤਾਵਾਂ ਦਾ ਸਰਗਰਮੀ ਅਤੇ ਨੱਠਭੱਜ ਤੇਜ਼ ਹੋ ਗਈ ਹੈ। ਪਤਾ ਲੱਗਾ ਹੈ ਕਿ ਨਵਾਂ ਪ੍ਰਧਾਨ ਬਣਾਉਣ ਦਾ ਸਿਲਸਿਲਾ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਗਰਕਰੀ ਦੇ ਦੌਰੇ ਨਾਲ ਜੋੜਿਆ ਜਾ ਰਿਹਾ ਹੈ, ਜੋ 17 ਜਨਵਰੀ ਨੂੰ ਅੰਮ੍ਰਿਤਸਰ ਵਿੱਚ ਆ ਰਹੇ ਹਨ, ਜਿੱਥੇ ਉਹ ਇੱਕ ਰੈਲੀ ਨੂੰ ਸੰਬੋਧਨ ਕਰਨਗੇ ਅਤੇ ਸਾਬਕਾ ਮੰਤਰੀ ਡਾ. ਬਲਦੇਵ ਪ੍ਰਕਾਸ਼ ਦੀ ਪ੍ਰਤਿਮਾ ਦੀ ਘੁੰਡ ਚੁਕਾਈ ਵੀ ਕਰਨਗੇ। ਪਤਾ ਲੱਗਾ ਹੈ ਕਿ ਭਾਜਪਾ ਦੀ ਰਾਸ਼ਟਰੀ ਇਕਾਈ ਨੇ ਇਸ ਦਿਨ ਕੀਤੀ ਜਾ ਰਹੀ ਰੈਲੀ ਵਿੱਚ ਵਰਕਰ ਲਿਆਉਣ ਲਈ ਮੰਤਰੀਆਂ, ਵਿਧਾਇਕਾਂ, ਸਾਬਕਾ ਮੰਤਰੀਆਂ, ਪ੍ਰਦੇਸ਼ ਭਾਜਪਾ ਦੇ ਅਹੁਦੇਦਾਰ ਦੀਆਂ ਡਿਊਟੀਆਂ ਲਗਾਈਆਂ ਹਨ। ਪੰਜਾਬ ਦੀ ਭਾਜਪਾ ਇਕਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਿਹੜਾ ਨੇਤਾ ਇਸ ਰੈਲੀ ਵਿੱਚ ਆਪਣੀ ਕਾਰਗੁਜ਼ਾਰੀ ਚੰਗੀ ਤਰ੍ਹਾਂ ਵਿਖਾਏਗਾ,ਉਸ ਦਾ ਨਾਂਅ ਪੰਜਾਬ ਪ੍ਰਦੇਸ਼ ਦੇ ਨਵੇਂ ਪ੍ਰਧਾਨ ਲਈ ਵਿਚਾਰਿਆ ਜਾ ਸਕਦਾ ਹੈ। ਦੱਸਣਯੋਗ ਹੈ ਕਿ ਭਾਜਪਾ ਅੰਮ੍ਰਿਤਸਰ ਰੈਲੀ ਵਿੱਚ ਵੱਧ ਤੋਂ ਵੱਧ ਇੱਕਠ ਕਰਕੇ ਵਿਖਾਉਣ। ਚਾਹੁੰਦੀ ਹੈ ਤਾਂ ਜੋ ਲੋਕਾਂ ਨੂੰ ਵਿਖਾ ਸਕਣ ਕਿ ਪੰਜਾਬ ਦਾ ਪੰਜਾਬ ਵਿੱਚ ਪੂਰਾ ਦਬਦਬਾ ਹੈ। ਉੱਧਰ ਪੰਜਾਬ ਦੇ ਕਈ ਸਾਬਕਾ ਮੰਤਰੀ ਇਸ ਰੈਲੀ ਵਿੱਚ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਵਿੱਚ ਜੁਟੇ ਹੋਏ ਹਨ। ਇਸ ਵਿੱਚ ਵੱਧ ਤੋਂ ਵੱਧ ਵਰਕਰ ਲਿਜਾਉਣ ਲੱਗੇ ਹੋਏ ਹਨ ਤਾਂ ਜੋ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਕੇ ਆਪਣੇ ਕਿਸੇ ਚਹੇਤੇ ਨੂੰ ਪੰਜਾਬ ਪ੍ਰਦੇਸ਼ ਭਾਜਪਾ ਦਾ ਪ੍ਰਧਾਨ ਨਾਮਜਦ ਕਰ ਸਕਣ। ਪਤਾ ਲੱਗਾ ਹੈ ਕਿ ਭਾਜਪਾ ਆਲਾ ਕਮਾਨ ਦੇ ਇਸ ਫੈਸਲੇ ਨਾਲ ਭਾਜਪਾ ਦੇ ਉਨ੍ਹਾਂ ਭਾਜਪਾ ਨੇਤਾਵਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਜੇ ਪੰਜਾਬ ਭਾਜਪਾ ਪ੍ਰਧਾਨਗੀ ਹਾਸਲ ਕਰਨ ਲਈ ਆਪਣੀ ਆਸ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਉੱਤੇ ਲੱਗਾਈ ਬੈਠੇ ਹਨ, ਭਾਵੇਂ ਪੰਜਾਬ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਰਾਜਿੰਦਰ ਭੰਡਾਰੀ ਇਸ ਸ਼ਕਤੀ ਪ੍ਰਦਰਸ਼ਕਾਂ ਦੇ ਮਾਮਲੇ ਬਾਰੇ ਇਨਕਾਰ ਕਰ ਰਹੇ ਹਨ, ਪਰ ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਹਰ ਅਸੈਂਬਲੀ ਹਲਕੇ ਵਿੱਚ ਸੁਨੇਹੇ ਭੇਜ ਗਏ ਹਨ ਕਿ ਉਹ ਆਪਣੇ ਪ੍ਰਤੀਨਿਧੀਆਂ ਨੂੰ ਲੈ ਕੇ ਅੰਮ੍ਰਿਤਸਰ 17 ਜਨਵਰੀ ਨੂੰ ਭੇਜਣ। ਇਸ ਤੋਂ ਇਲਾਵਾ ਪਤਾ ਲੱਗਾ ਹੈ ਕਿ ਗੱਡਕਰੀ ਦੇ ਇਸ ਪੰਜਾਬ ਦੇ ਪਹਿਲੇ ਦੌਰੇ ਦੌਰਾਨ ਪੰਜਾਬ ਭਾਜਪਾ ਦੇ ਨਵਾਂ ਪ੍ਰਧਾਨ ਬਣਾਉਣ ਲਈ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨਾਲ ਸ੍ਰੀ ਨਿਤਿਨ ਗਡਕਰੀ ਦੀ ਮਹੱਤਵਪੂਰਨ ਮੀਟਿੰਗ ਹੋਈ।

ਟੀਮ ਇੰਡੀਆ ਦੂਸਰੇ ਸਥਾਨ 'ਤੇ

ਜਲੰਧਰ, 14 ਜਨਵਰੀ (ਕਮਲਜੀਤ ਥਾਬਲਕੇ)– ਆਈ.ਸੀ.ਸੀ. ਇਕ ਦਿਵਸੀ ਦਰਜਾਬੰਦੀ 'ਚ ਭਾਰਤੀ ਕ੍ਰਿਕਟ ਟੀਮ ਦੂਸਰੇ ਸਥਾਨ 'ਤੇ ਆਪਣੇ ਪੈਰ ਪੂਰੀ ਤਰ੍ਹਾਂ ਜਮਾਈ ਹੋਈ ਹੈ। ਦੂਸਰੇ ਪਾਸੇ ਕੱਲ੍ਹ ਫਾਈਨਲ 'ਚ ਭਾਰਤ ਨੂੰ ਹਰਾਉਣ ਵਾਲੀ ਸ੍ਰੀ ਲੰਕਾਈ ਟੀਮ ਇਕ ਸਥਾਨ ਦੀ ਉੱਪਰ ਪਾਕਿਸਤਾਨ ਨੂੰ ਪਛਾੜ ਕੇ ਛੇਵੇਂ ਸਥਾਨ 'ਤੇ ਪਹੁੰਚ ਗਈ ਹੈ। ਭਾਰਤ ਨੇ ਇਸ ਰੈਂਕਿੰਗ ਵਿਚ ਆਪਣਾ ਦੂਸਰਾ ਸਥਾਨ ਕਾਇਮ ਰੱਖਿਆ ਹੈ ਪਰ ਸੀਰੀਜ਼ ਸ਼ੁਰੂ ਹੋਣ ਤੋਂ ਬਾਅਦ ਤੋਂ ਉਸ ਨੇ ਦੋ ਰੇਟਿੰਗ ਅੰਕ ਗਵਾਏ ਹਨ। ਇਸ ਨਾਲ ਹੁਣ ਉਹ ਪਹਿਲੇ ਸਥਾਨ 'ਤੇ ਚੱਲ ਰਹੇ ਆਸਟ੍ਰੇਲੀਆ ਤੋਂ 9 ਰੇਟਿੰਗ ਅੰਕ ਦੂਰ ਹੋ ਗਈ ਹੈ। ਆਸਟ੍ਰੇਲੀਆਈ ਟੀਮ 130 ਅੰਕਾਂ ਨਾਲ ਪਹਿਲੇ ਸਥਾਨ ਕਾਬਜ਼ ਹੈ, ਜਦੋਂ ਕਿ ਭਾਰਤ 120 ਅੰਕਾਂ ਦੇ ਨਾਲ ਦੂਸਰੇ ਸਥਾਨ 'ਤੇ ਹੈ। ਇਸ ਤੋਂ ਇਲਾਵਾ ਦੱਖਣੀ ਅਫਰੀਕਾ ਤੀਸਰੇ, ਨਿਊਜ਼ੀਲੈਂਡ ਚੌਥੇ, ਇੰਗਲੈਂਡ ਪੰਜਵੇਂ, ਸ੍ਰੀਲੰਕਾ ਛੇਵੇਂ, ਪਾਕਿਸਤਾਨ ਸੱਤਵੇਂ, ਵੈਸਟਇੰਡੀਜ਼ ਅੱਠਵੇਂ, ਬੰਗਲਾਦੇਸ਼ ਨੌਵੇਂ ਤੇ ਜ਼ਿੰਮਬਾਵੇ ਦਸਵੇਂ ਸਥਾਨ 'ਤੇ ਹਨ। ਭਾਰਤ ਨੂੰ ਹੁਣ 21 ਫਰਵਰੀ ਤੋਂ ਦੱਖਣੀ ਅਫਰੀਕਾ ਦੇ ਖਿਲਾਫ਼ ਵਨਡੇ ਮੁਕਾਬਲੇ ਵਿਚ ਖੇਡਣਾ ਹੈ ਪਰ ਆਸਟ੍ਰੇਲੀਆਈ ਟੀਮ ਪਾਕਿਸਤਾਨ ਤੋਂ ਜਿੱਤ ਦਰਜ ਕਰਕੇ ਅੰਕ ਤਾਲਿਕਾ ਹੋਰ ਮਜ਼ਬੂਤ ਕਰਨਾ ਚਾਹੇਗੀ।

ਕਬੱਡੀ ਦੀ ਚੜ੍ਹਦੀ ਕਲਾ ਲਈ ਵੱਖ-ਵੱਖ ਜੱਥੇਬੰਦੀਆਂ ਇੱਕ ਮੰਚ 'ਤੇ ਆਉਣ-ਨਿੱਤਰ

ਜਲੰਧਰ, 14 ਜਨਵਰੀ (ਮਲਕੀਤ ਸਿੰਘ ਬਰਾੜ)–ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੀ ਚੜ੍ਹਦੀ ਕਲਾ ਲਈ ਅਤੇ ਇਸ ਨੂੰ ਖੇਡਾਂ ਦੀ ਸਰਦਾਰ ਬਣਾਉਣ ਲਈ ਪੰਜਾਬ ਵਿੱਚ ਸਰਗਰਮ ਵੱਖ-ਵੱਖ ਐਸੋਸੀਏਸ਼ਨਾਂ ਅਤੇ ਫੈਡਰੇਸ਼ਨਾਂ ਨੂੰ ਇੱਕ ਮੰਚ 'ਤੇ ਜੁੜ ਕੇ ਕੰਮ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਇੱਕਜੁੱਟ ਹੋ ਕੇ ਸਰਕਾਰ ਨੂੰ ਅਪੀਲ ਕੀਤੀ ਜਾਏ ਕਿ ਬਾਕੀ ਖੇਡਾਂ ਵਾਂਗ ਸਰਕਲ ਸਟਾਈਲ ਕਬੱਡੀ ਨੂੰ ਵੀ ਮਾਨਤਾ ਮਿਲੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ

(ਬਾਕੀ ਸਫਾ 2 'ਤੇ)

ਸੀ.ਬੀ.ਆਈ. ਜਾਂਚ ਸ਼ੁਰੂ

ਚੰਡੀਗੜ੍ਹ, 14 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)–ਹਰਿਆਣਾ ਐੱਸ.ਆਈ. ਟੀ. ਦੇ ਪੁਲਿਸ ਅਧਿਕਾਰੀਆਂ ਦੀ ਟੀਮ ਨੇ ਬੀਤੀ ਦੇਰ ਰਾਤ ਸਾਬਕ ਡਾਇਰੈਕਟਰ ਜਨਰਲ ਪੁਲਿਸ ਹਰਿਆਣਾ ਐੱਸ.ਪੀ.ਐੱਸ. ਰਾਠੌਰ ਦੇ ਖਿਲਾਫ ਦਰਜ ਸਾਰੇ ਮਾਮਲਿਆਂ ਦੇ ਸਾਰੇ ਕਾਗਜ਼ਾਤ ਸੀ.ਬੀ.ਆਈ. ਨੂੰ ਸੌਂਪ ਦਿੱਤੇ ਹਨ। ਇਸ ਨਾਲ ਸੀ.ਬੀ.ਆਈ. ਨੂੰ ਦੋ ਅਧਿਕਾਰੀਆਂ ਦੀ ਟੀਮ ਨੇ ਰਾਠੌਰ ਦੇ ਖਿਲਾਫ ਤਿੰਨ ਕੇਸਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੀ.ਬੀ.ਆਈ. ਦੀ ਟੀਮ ਵਿੱਚ ਸੀ.ਬੀ.ਆਈ.ਦੇ ਡੀ.ਆਈ.ਜੀ. ਸਤੀਸ਼ ਗੋਲਚਾ, ਐੱਸ.ਐੱਸ.ਪੀ. ਵਨੀਸ ਠਾਕੁਰ, ਏ.ਐੱਸ.ਪੀ. ਰਾਜਿੰਦਰ ਹਿਕਾਮ, ਲੀਗਰ ਮਾਹਰਾਂ ਸਮੇਤ ਇਸ ਟੀਮ ਵਿੱਚ 20 ਅਧਿਕਾਰੀ ਸ਼ਾਮਲ ਹਨ। ਐੱਸ.ਆਈ. ਨੇ ਰਾਠੌਰ ਦੇ ਵਿਰੁੱਧ ਆਸ਼ੂ ਅਤੇ ਸੁਭਾਸ਼ ਗਿਰਹੋਤਰਾ ਦੀ ਸ਼ਿਕਾਇਤਾਂ 'ਤੇ ਤਿੰਨ ਵੱਖ-ਵੱਖ ਮਾਮਲੇ ਦਰਜ ਕੀਤੇ ਸਨ। ਰਾਠੌਰ ਦੇ ਖਿਲਾਫ ਦਰਜ ਫੌਜਦਾਰੀ ਧਾਰਾ 306 ਦੇ ਤਹਿਤ ਮਾਮਲੇ ਵਿੱਚ ਐੱਸ.ਆਈ. ਟੀ ਨੇ ਅੱਜ ਤੱਕ ਕੋਈ ਜਾਂਚ ਪੜਤਾਲ ਨਹੀਂ ਸੀ ਕੀਤੀ। ਲਿਹਾਜ਼ਾ ਇਸ ਨਾਲ ਸੰਬੰਧਤ ਕੋਈ ਦਸਤਾਵੇਜ਼ ਸੀ.ਬੀ.ਆਈ. ਨੂੰ ਨਹੀਂ ਦਿੱਤਾ ਗਿਆ। ਸੀ.ਬੀ.ਆਈ. ਅਧਿਕਾਰੀਆਂ ਨੇ ਹਰਿਆਣਾ

(ਬਾਕੀ ਸਫਾ 2 'ਤੇ)

ਟੈਨਿਸ ਨੂੰ ਅਲਵਿਦਾ ਆਖੇਗੀ ਸਾਨੀਆ !

ਨਵੀਂ ਦਿੱਲੀ, 14 ਜਨਵਰੀ (ਵਿਸ਼ਵ ਵਾਰਤਾ)–ਭਾਰਤ ਦੀ ਟੈਨਿਸ ਸਨਸਨੀ ਸਾਨੀਆ ਮਿਰਜ਼ਾ ਦੇ ਪ੍ਰੇਮੀਆਂ ਲਈ ਇੱਕ ਬੁਰੀ ਖ਼ਬਰ ਹੈ। ਸੂਤਰਾਂ ਦੀ ਮੰਨੋ ਤਾਂ ਇਹ ਹੈਦਰਾਬਾਦੀ ਖਿਡਾਰਨ ਟੈਨਿਸ ਨੂੰ ਅਲਵਿਦਾ ਕਹਿਣ ਦੀ ਤਿਆਰੀ ਵਿੱਚ ਹੈ। ਕਿਹਾ ਜਾ ਰਿਹਾ ਹੈ ਕਿ ਉਹ ਵਿਆਹ ਤੋਂ ਬਾਅਦ ਟੈਨਿਸ ਛੱਡ ਦੇਵੇਗੀ। ਸੂਤਰਾਂ ਮੁਤਾਬਿਕ ਵਿਆਹ ਤੋਂ ਬਾਅਦ ਸਾਨੀਆ ਆਪਣੇ ਗ੍ਰਹਿਸਥੀ ਜੀਵਨ 'ਤੇ ਪੂਰੀ ਤਰ੍ਹਾਂ ਨਾਲ ਧਿਆਨ ਦੇਣਾ ਚਾਹੁੰਦੀ ਹੈ। ਇਸ ਲਈ ਉਹ ਟੈਨਿਸ ਤੋਂ ਸੰਨਿਆਸ ਲੈਣ ਦਾ ਮਨ ਬਣਾ ਰਹੀ ਹੈ। ਸਾਨੀਆ ਦੇ ਵਿਆਹ ਦੀ ਤਾਰੀਖ਼ ਹਾਲੇ ਤੱਕ ਤੈਅ ਨਹੀਂ ਹੋਈ ਹੈ। ਇਸ ਲਈ ਹੁਣ ਇਹ ਵਿਆਹ ਤੋਂ ਬਾਅਦ ਹੀ ਪਤਾ ਚੱਲੇਗਾ ਕਿ ਭਾਰਤ ਦੇ ਲੱਖਾਂ ਨੌਜਵਾਨਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਇਹ ਖਿਡਾਰਨ ਕੀ ਅਸਲ ਵਿੱਚ ਟੈਨਿਸ ਛੱਡੀ ਦੇਵੇਗੀ। ਜ਼ਿਕਰਯੋਗ ਹੈ ਕਿ ਬੀਤੇ ਸਾਲ ਸਾਨੀਆ ਦੀ ਸੋਹਰਾਬ ਮਿਰਜ਼ਾ ਨਾਲ ਮੰਗਣੀ ਹੋਈ ਸੀ। ਸੋਹਰਾਬ ਦਾ ਸੰਬੰਧ ਹੈਦਰਾਬਾਦ ਦੇ ਵਪਾਰੀ ਪਰਿਵਾਰ ਨਾਲ ਹੈ। ਹਾਲਾਂਕਿ, ਮੰਗਣੀ ਦੇ ਸਮੇਂ ਇਹਨਾਂ ਖ਼ਬਰਾਂ ਦਾ ਵਿਰੋਧ ਕੀਤਾ ਗਿਆ ਸੀ। ਇੱਥੋਂ ਤੱਕ ਕਿ ਸਾਨੀਆ ਦੇ ਪਿਤਾ ਨੇ ਵੀ ਕਿਹਾ ਸੀ ਕਿ ਵਿਆਹ ਨਾਲ ਉਹਨਾਂ ਦੇ ਟੈਨਿਸ ਕੈਰੀਅਰ 'ਤੇ ਕੋਈ ਅਸਰ ਨਹੀਂ ਪਵੇਗਾ।

ਸੇਖਵਾਂ ਅੱਜ ਸ਼ਹੀਦਾਂ ਦੀ ਯਾਦਗਾਰ ਵਿਖੇ ਜਨ ਸਮਾਗਮ ਨੂੰ ਸੰਬੋਧਨ ਕਰਨਗੇ

ਜਲੰਧਰ, 14 ਜਨਵਰੀ (ਮਲਕੀਤ ਸਿੰਘ ਬਰਾੜ)–ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਐਨ. ਆਰ. ਆਈਜ਼ ਮਾਮਲੇ, ਰੱਖਿਆ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਰਾਂ ਦੀ ਭਲਾਈ ਮੰਤਰੀ ਪੰਜਾਬ 15 ਜਨਵਰੀ ਨੂੰ ਜੰਗੀ ਸ਼ਹੀਦਾਂ ਦੀ ਯਾਦਗਾਰ ਜਲੰਧਰ ਵਿਖੇ ਇੱਕ ਜਨ ਸਮਾਗਮ ਨੂੰ ਸਵੇਰੇ 10.30 ਵਜੇ ਸੰਬੋਧਨ ਕਰਨਗੇ। ਇਸ ਉਪਰੰਤ ਦੁਪਹਿਰ 12.30 ਵਜੇ ਦਫ਼ਤਰ ਜ਼ਿਲ੍ਹਾ ਸੈਨਿਕ ਭਲਾਈ ਜਲੰਧਰ ਵਿਖੇ ਚਲਾਈਆਂ ਜਾ ਰਹੀਆਂ ਵੱਖ ਵੱਖ ਗਤੀਵਿਧੀਆਂ ਦਾ ਜਾਇਜ਼ਾ ਲੈਣਗੇ।

ਪੰਜਾਬ ਭਾਜਪਾ ਨਿਤਿਨ ਗਡਕਰੀ ਦੇ ਸੁਆਗਤ ਲਈ ਪੱਬਾਂ ਭਾਰ

ਅੰਮ੍ਰਿਤਸਰ, 14 ਜਨਵਰੀ (ਮੋਤਾ ਸਿੰਘ)–ਭਾਰਤੀ ਜਨਤਾ ਪਾਰਟੀ ਆਪਣੀ ਡਿੱਗੀ ਸ਼ਾਖ ਦੀ ਬਹਾਲੀ ਵਾਸਤੇ ਵੱਡੇ ਪੱਧਰ ਤੇ ਯਤਨ ਕਰ ਰਹੀ ਹੈ। ਭਾਜਪਾ ਦੇ ਨਵ-ਨਿਯੁਕਤ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੇ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਅੰਮ੍ਰਿਤਸਰ ਆਉਣ ਤੇ ਨਿੱਘਾ ਸਵਾਗਤ ਕੀਤਾ ਜਾਵੇਗਾ। ਭਾਜਪਾ ਦੇ ਸਕੱਤਰ ਸ. ਰਾਜਿੰਦਰ ਮੋਹਨ ਸਿੰਘ ਛੀਨਾ ਨੇ ਦੱਸਿਆ ਕਿ ਸ੍ਰੀ ਗਡਕਰੀ 16 ਜਨਵਰੀ ਨੂੰ 12-15 ਵਜੇ ਰਾਜਾ ਸਾਂਸੀ ਹਵਾਈ ਅੱਡੇ ਪੁੱਜਣਗੇ। ਰਸਤੇ ਵਿੱਚ 7 ਥਾਵਾਂ ਤੇ ਉਨ੍ਹਾਂ ਦਾ ਸਵਾਗਤ ਹੋਵੇਗਾ। ਉਸੇ ਦਿਨ ਹੀ ਉਹ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਨਾ ਮੰਦਰ, ਜਲਿਆਂਵਾਲਾ ਬਾਗ ਅਤੇ ਰਾਮ ਤੀਰਥ ਦੇ ਦਰਸ਼ਨਾਂ ਲਈ ਜਾਣਗੇ। 17 ਜਨਵਰੀ ਨੂੰ ਕੋਰਟ ਰੋਡ ਤੇ ਮਰਹੂਮ ਭਾਜਪਾ ਨੇਤਾ ਡਾ.ਯ ਬਲਦੇਵ ਪ੍ਰਕਾਸ਼ ਦੇ ਬੁੱਤ ਤੋਂ ਪਰਦਾ ਚੁੱਕਣ ਦੀ ਰਸਮ ਅਦਾ ਕਰਨਗੇ। ਇਸ ਉਪਰੰਤ ਇੱਥੇ ਹੀ ਇੱਕ ਵੱਡੀ ਰੈਲੀ ਹੋਵੇਗੀ, ਜਿਸਨੂੰ ਭਾਜਪਾ ਨੇਤਾਵਾਂ ਤੋਂ ਇਲਾਵਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਸੰਬੋਧਨ ਕਰਨਗੇ।

ਮੁਕਤਸਰ ਦੇ ਪੱਤਰਕਾਰ

ਅਦਾਰਾ 'ਅੱਜ ਦੀ ਆਵਾਜ਼' ਵੱਲੋਂ ਸਪੱਸ਼ਟ ਕੀਤਾ ਜਾਂਦਾ ਹੈ ਕਿ ਮੁਕਤਸਰ ਤੋਂ ਸ. ਬਲਜੀਤ ਸਿੰਘ ਸੰਧੂ ਅਤੇ ਸੁਰੇਸ਼ ਗਰਗ ਹੀ 'ਅੱਜ ਦੀ ਆਵਾਜ਼' ਦੇ ਪੱਤਰਕਾਰ ਹਨ। ਮੁਕਤਸਰ ਜ਼ਿਲ੍ਹੇ ਦੇ ਖਾਲ੍ਹੀ ਸਟੇਸ਼ਨਾ ਤੋਂ ਨਵੇਂ ਪੱਤਰਕਾਰਾਂ ਦੀ ਜ਼ਰੂਰਤ ਹੈ ਯੋਗਤਾ ਅਤੇ ਤਜ਼ਰਬੇਕਾਰ ਪੱਤਰਕਾਰ ਕਿਸੇ ਵੀ ਕੰਮਕਾਜ ਵਾਲੇ ਦਿਨ ਫੋਨ ਨੰਬਰ 0181-4626370,93170-06161 'ਤੇ ਸੰਪਰਕ ਕਰਨ।

-ਮੈਨੇਜਰ

ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਸੰਬੰਧੀ ਸੀਚੇਵਾਲ 'ਚ ਵਿਸ਼ਾਲ ਨਗਰ ਕੀਰਤਨ

ਜਲੰਧਰ 14 ਜਨਵਰੀ (ਅ.ਬ.)–ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੇ ਸਬੰਧ 'ਚ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਦੀ ਰਹਿਨੁਮਾਈ ਹੇਠ ਨਿਰਮਲ ਕੁਟੀਆ ਸੀਚੇਵਾਲ 'ਚ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸੀ ਜਦਕਿ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਤੇ ਪੰਜ ਦੁਲਾਰੇ ਕਰ ਸਨ। ਨਗਰ ਕੀਰਤਨ ਨਿਰਮਲ ਕੁਟੀਆ ਸੀਚੇਵਾਲ ਤੋਂ ਆਰੰਭ ਹੋ ਕੇ ਨੇੜਲੇ ਪਿੰਡ ਚੱਕ ਚੇਲਾ, ਨਿਹਾਲੂਵਾਲ ਅਤੇ ਸੀਚੇਵਾਲ ਪਿੰਡ ਦੀ ਫਿਰਨੀ ਤੋਂ ਹੁੰਦਾ ਹੋਇਆ ਨਿਰਮਲ ਕੁਟੀਆ ਵਿਖੇ ਆ ਕੇ ਸੰਪੰਨ ਹੋਇਆ। ਨਗਰ ਕੀਰਤਨ ਦੀ ਆਮਦ ਤੇ ਹਰ ਪਿੰਡ ਵਿੱਚ ਸੁਵਾਗਤੀ ਗੇਟ ਬਣਾਏ ਹੋਏ ਸਨ। ਹਰ ਪਿੰਡ ਦੀ ਪੰਚਾਇਤ ਵੱਲੋਂ ਪੰਜਾਂ ਪਿਆਰਿਆਂ ਤੇ ਪੰਜਾਂ ਦੁਲਾਰਿਆਂ ਨੂੰ ਸਿਰੋਪਾਓ ਦੇ ਕੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਸਾਰੇ ਨਗਰ ਕੀਰਤਨ ਦੌਰਾਨ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾ ਕੇ ਗੁਰਸੰਗਤ ਨੂੰ ਹਰਿਜੱਸ ਕੀਰਤਨ ਨਾਲ ਜੋੜੀ ਰੱਖਿਆ। ਇਸ ਮੌਕੇ ਸੰਤ ਸੀਚੇਵਾਲ ਜੀ ਨੇ ਸੰਗਤਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੰਡਿਆ। ਗੁਰਸੰਗਤਾਂ ਦੇ ਛੱਕਣ ਵਾਸਤੇ ਹਰ ਪਿੰਡ ਵਿੱਚ ਚਾਹ, ਸਮੋਸੇ ਤੇ ਪ੍ਰਸ਼ਾਦੇ ਦੇ ਲੰਗਰ ਲਗਾਏ ਹੋਏ ਸਨ। ਸੰਤ ਅਵਤਾਰ ਸਿੰਘ ਯਾਦਗਾਰੀ ਸੀ. ਸੈਕੰ. ਸਕੂਲ ਦੀ ਗਤਕੇ ਪਾਰਟੀ ਨੇ ਨਗਰ ਕੀਰਤਨ ਵਿੱਚ ਗਤਕੇ ਦੇ ਜੌਹਰ ਦਿਖਾਏ। ਇਸ ਮੌਕੇ ਹਾਜ਼ਰ ਪਤਵੰਤਿਆਂ 'ਚ ਸੰਤ ਸੁਖਜੀਤ ਸਿੰਘ ਜੀ ਸੀਚੇਵਾਲ, ਸੁਰਜੀਤ ਸਿੰਘ ਸ਼ੰਟੀ, ਨਿਰਮਲ ਸਿੰਘ ਨੰਬਰਦਾਰ, ਰਘਬੀਰ ਸਿੰਘ ਸਾਬਕਾ ਸਰਪੰਚ, ਸੋਹਣ ਸਿੰਘ ਚੱਕ ਚੇਲਾ, ਚੇਅਰਮੈਨ ਤਰਸੇਮ ਸਿੰਘ, ਡਾ. ਜਸਵੰਤ ਸਿੰਘ ਨਿਹਾਲੂਵਾਲ, ਤਰਲੋਕ ਸਿੰਘ ਨਿਹਾਲੂਵਾਲ, ਜੋਗਾ ਸਿੰਘ ਚੱਕ ਚੇਲਾ, ਪ੍ਰਿੰਸੀਪਲ ਕੇਵਲ ਸਿੰਘ ਪਰਵਾਨਾ, ਲਖਵੀਰ ਸਿੰਘ, ਜਥੇਦਾਰ ਸੰਤੋਖ ਸਿੰਘ, ਹਰਜਿੰਦਰ ਸਿੰਘ ਸਾਬਕਾ ਸਰਪੰਚ, ਤੇਗਾ ਸਿੰਘ ਨੰਬਰਦਾਰ ਤੇ ਬੇਅੰਤ ਸਿੰਘ ਮੁੱਹਬਲੀਪੁਰ ਦੇ ਨਾਮ ਵਿਸ਼ੇਸ਼ ਵਰਨਣਯੋਗ ਹਨ।

ਚਾਲ੍ਹੀ ਮੁਕਤਿਆਂ ਦੀ ਪਵਿੱਤਰ ਯਾਦ ਵਿੱਚ ਨਗਰ ਕੀਰਤਨ ਕੱਢਿਆ

ਮੁਕਤਸਰ, 14 ਜਨਵਰੀ (ਸੰਧੂ/ਸੁਰੇਸ਼ ਗਰਗ)– ਮੁਕਤਸਰ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿਚ ਲੱਗਿਆ ਤਿੰਨ ਦਿਨਾਂ ਮਾਘੀ ਜੋੜ ਮੇਲਾ ਨਗਰ ਕੀਰਤਨ ਸਜਾਏ ਜਾਣ ਉਪਰੰਤ ਰਵਾਇਤੀ ਤੌਰ 'ਤੇ ਸਮਾਪਤ ਹੋ ਗਿਆ ਹੈ। ਮਾਘੀ ਮੇਲੇ 'ਤੇ ਰੌਣਕਾ ਅਜੇ ਤੱਕ ਜਾਰੀ ਰਹਿਣਗੀਆਂ। ਮਲੋਟ ਰੋਡ 'ਤੇ ਮੇਲ ਵਿਚ ਸਰਕਸਾਂ, ਝੂਲੇ ਤੇ ਹੋਰ ਮਨੋਰੰਜਨ ਆਇਟਮਾਂ ਵੇਖਣ ਤੋਂ ਇਲਾਵਾ ਭਾਡਿਆਂ ਤੇ ਹੋਰ ਸਮਾਨ ਦੀ ਖਰੀਦੋ ਫਰੋਖਤ ਲਈ ਸਜਾਈਆਂ ਦੁਕਾਨਾਂ 'ਤੇ ਲੋਕਾਂ ਦੀ ਆਮਦ ਕਈ ਦਿਨ ਜਾਰੀ ਰਹੇਗੀ। ਅੱਜ 14 ਜਨਵਰੀ ਨੂੰ ਵੀ ਸਵੇਰੇ ਤੋਂ ਹੀ ਸੰਗਤਾਂ ਸ੍ਰੀ ਦਰਬਾਰ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਪਹੁੰਚਣੀਆਂ ਸ਼ੁਰੂ ਹੋ ਗਈਆਂ ਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ। ਅੱਜ ਦੂਜੇ ਦਿਨ ਵੀ ਸੰਗਤਾਂ ਦੀ ਆਮਦ ਜਾਰੀ ਰਹੀ। ਸਵੇਰੇ 10:30 ਵਜੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਤੋਂ ਨਗਰ

(ਬਾਕੀ ਸਫਾ 2 'ਤੇ)